# ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ
# ਸ਼ਿਕਾਇਤ ਫਾਰਮ

Superior Court of California, County of [insert your county here]
[local physical address]

[insert local url] [insert local phone number] [insert local email]

## ਹਿਦਾਇਤਾਂ

ਕੈਲੇਫੋਰਨੀਆਂ ਦੀਆਂ ਅਦਾਲਤਾਂ ਚਾਹੁੰਦੀਆਂ ਹਨ ਕਿ ਸਾਰੇ ਕੈਲੇਫੋਰਨੀਅਨਜ਼ ਦੀ ਅਦਾਲਤਾਂ ਤੱਕ ਪਹੁੰਚ ਹੋਵੇ, ਜਿਸ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਹੜੇ ਅੰਗਰੇਜ਼ੀ ਚੰਗੀ ਤਰ੍ਹਾਂ ਨਹੀਂ ਬੋਲਦੇ। ਜੇ ਕਿਸੇ ਸਥਾਨਕ ਅਦਾਲਤ ਵਿਚ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ (ਲੈਂਗੁਏਜ ਐਕਸੈੱਸ ਸਰਵਿਸਿਜ਼) ਬਾਰੇ ਤੁਹਾਡੀ ਕੋਈ ਸ਼ਿਕਾਇਤ ਹੋਵੇ, ਜਾਂ ਜੇ ਤੁਸੀਂ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਬਾਰੇ ਆਪਣੇ ਵਿਚਾਰ ਦੇਣਾ ਚਾਹੁੰਦੇ ਹੋਵੋ ਤਾਂ ਸ਼ਿਕਾਇਤ ਫਾਰਮ ਭਰੋ ਅਤੇ ਦਿਉ।

ਕਿਰਪਾ ਕਰਕੇ ਅੱਗੇ ਲਿਖੀਆਂ ਚੀਜ਼ਾਂ ਮਨ ਵਿਚ ਰੱਖੋ:

- ਜੇ ਤੁਹਾਨੂੰ ਅਦਾਲਤ ਦੇ ਕਿਸੇ ਚੱਲਦੇ ਕੇਸ ਲਈ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਦੀ ਲੋੜ ਹੋਵੇ ਤਾਂ ਆਪਣੀ ਸ਼ਿਕਾਇਤ ਜਿੰਨੀ ਛੇਤੀ ਹੋ ਸਕੇ ਭੇਜੋ।
- ਵੱਧ ਤੋਂ ਵੱਧ ਜਾਣਕਾਰੀ ਭਰੋ। *ਤੁਹਾਨੂੰ ਆਪਣਾ ਨਾਂ ਦੇਣ ਦੀ ਲੋੜ ਨਹੀਂ ਹੈ* ਪਰ ਇਹ ਜਾਣਨ ਨਾਲ ਮਦਦ ਮਿਲੇਗੀ ਕਿ ਤੁਹਾਡੇ ਨਾਲ ਸੰਪਰਕ ਕਿਵੇਂ ਕਰਨਾ ਹੈ ਤਾਂ ਜੋ ਲੋੜ ਪੈਣ ’ਤੇ ਅਸੀਂ ਹੋਰ ਜਾਣਕਾਰੀ ਲੈ ਸਕੀਏ।
- ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਬਾਰੇ ਵਿਚਾਰ ਜਾਂ ਸੁਝਾਅ ਦੇਣ ਲਈ ਤੁਸੀਂ ਇਸ ਫਾਰਮ ਦੀ ਵਰਤੋਂ ਕਰ ਸਕਦੇ ਹੋ।
- ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਬਾਰੇ ਸ਼ਿਕਾਇਤਾਂ ਮੂੰਹ ਜ਼ਬਾਨੀ ਜਾਂ ਹੋਰ ਲਿਖਤੀ ਰੂਪਾਂ ਵਿਚ ਕੀਤੀਆਂ ਜਾ ਸਕਦੀਆਂ ਹਨ। ਫਿਰ ਵੀ, ਅਦਾਲਤ ਦੇ ਲੋਕਲ ਫਾਰਮ ਦੀ ਵਰਤੋਂ ਕਰਨ ਨੂੰ ਉਤਸ਼ਾਹ ਦਿੱਤਾ ਜਾਂਦਾ ਹੈ ਤਾਂ ਜੋ ਸ਼ਿਕਾਇਤ ਦੀ ਪੈੜ ਰੱਖਣ ਵਿਚ ਮਦਦ ਹੋਵੇ ਅਤੇ ਅਦਾਲਤ ਨੂੰ ਸ਼ਿਕਾਇਤ ਬਾਰੇ ਪੂਰੀ ਜਾਣਕਾਰੀ ਮਿਲੇ।
- ਸ਼ਿਕਾਇਤ ਫਾਰਮ ਭਰਨ ਨਾਲ ਤੁਹਾਡੇ ਅਦਾਲਤੀ ਕੇਸਾਂ ’ਤੇ ਜਾਂ ਤੁਹਾਨੂੰ ਅਦਾਲਤ ਤੋਂ ਮਿਲਦੀਆਂ ਸੇਵਾਵਾਂ ’ਤੇ ਕੋਈ ਮਾੜਾ ਅਸਰ ਨਹੀਂ ਪਵੇਗਾ।
- ਤੁਹਾਡੀ ਸ਼ਿਕਾਇਤ ਤੁਹਾਡੇ ਕੇਸ ਦੀ ਫਾਇਲ ਦਾ ਜਾਂ ਤੁਹਾਡੇ ਕੇਸ ਦਾ ਹਿੱਸਾ ਨਹੀਂ ਬਣੇਗੀ।
- ਜੇ ਤੁਸੀਂ ਇਹ ਸ਼ਿਕਾਇਤ ਕਿਸੇ ਹੋਰ ਦੀ ਤਰਫੋਂ ਕਰ ਰਹੇ ਹੋ ਤਾਂ ਉਸ ਵਿਅਕਤੀ ਦੀ ਜਾਣਕਾਰੀ ਭਰੋ ਜਿਸ ਨਾਲ ਸਾਨੂੰ ਸ਼ਿਕਾਇਤ ਬਾਰੇ ਸੰਪਰਕ ਕਰਨਾ ਚਾਹੀਦਾ ਹੈ।
- ਤੁਸੀਂ ਫਾਰਮ ਭਰ ਕੇ ਆਪਣੇ ਸਥਾਨਕ ਕੋਰਟਹਾਊਸ ਵਿਚ ਆਪ ਦੇ ਸਕਦੇ ਹੋ, ਡਾਕ ਰਾਹੀਂ ਭੇਜ ਸਕਦੇ ਹੋ ਜਾਂ ਹੇਠਾਂ ਦਿੱਤੇ ਐਡਰੈਸਾਂ ’ਤੇ ਈ-ਮੇਲ ਕਰ ਸਕਦੇ ਹੋ। ਤੁਸੀਂ ਇਹ ਔਨਲਾਈਨ ਭਰ ਕੇ ਵੀ ਦੇ ਸਕਦੇ ਹੋ।

**ਤੁਹਾਡੀ ਸਥਾਨਕ ਅਦਾਲਤ ਵਿਚਲੀਆਂ ਸੇਵਾਵਾਂ ਬਾਰੇ ਸ਼ਿਕਾਇਤਾਂ ਲਈ** ਜਿਹੜੀਆਂ ਸਟਾਫ, ਅਦਾਲਤ ਦੇ ਦੋਭਾਸ਼ੀਆਂ ਜਾਂ ਸਥਾਨਕ ਅਨੁਵਾਦਾਂ ਨਾਲ ਸੰਬੰਧਿਤ ਹੋਣ, ਆਪਣਾ ਸ਼ਿਕਾਇਤ ਫਾਰਮ ਭਰੋ ਅਤੇ ਡਾਕ ਰਾਹੀਂ ਜਾਂ ਈ-ਮੇਲ ਰਾਹੀਂ ਇੱਥੇ ਭੇਜੋ:

Superior Court of California,
County of [insert your county here]
Attn: Language Access Representative
[Address Line 1]
[Address Line 2]
ਈ-ਮੇਲ: [insert local email]

ਫਾਰਮ ਕੋਰਟਹਾਊਸ ਤੋਂ ਪੇਪਰ ਦੇ ਰੂਪ ਵਿਚ ਅਤੇ ਅਦਾਲਤ ਦੇ ਵੈੱਬਸਾਈਟ ਤੋਂ ਮੁਫਤ ਮਿਲਦਾ ਹੈ।

**ਜੁਡੀਸ਼ੀਅਲ ਕੌਂਸਲ ਦੀਆਂ ਸੇਵਾਵਾਂ ਬਾਰੇ ਸ਼ਿਕਾਇਤਾਂ ਲਈ**— ਜੁਡੀਸ਼ੀਅਲ ਕੌਂਸਲ ਦੀਆਂ ਮੀਟਿੰਗਾਂ, ਫਾਰਮ, ਜਾਂ ਅਨੁਵਾਦ ਹੋਈ ਹੋਰ ਸਾਮੱਗਰੀ www.courts.ca.gov ’ਤੇ ਹੈ — **ਇਸ ਫਾਰਮ ਦੀ ਵਰਤੋਂ ਨਾ ਕਰੋ।** ਆਪਣੀ ਸ਼ਿਕਾਇਤ ਦਰਜ ਕਰਵਾਉਣ ਲਈ ਕਿਰਪਾ ਕਰਕੇ www.courts.ca.gov/languageaccess.htm ’ਤੇ ਜਾਉ।

*ਸਾਨੂੰ ਇਹ ਦੱਸਣ ਲਈ ਕਿ ਅਸੀਂ ਕਿਵੇਂ ਕੰਮ ਕਰ ਰਹੇ ਹਾਂ, ਅਤੇ ਸਾਰੇ ਕੈਲੇਫੋਰਨੀਅਨਜ਼ ਲਈ ਸਾਡੀਆਂ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਸੁਧਾਰਨ ਵਿਚ ਸਾਡੀ ਮਦਦ ਕਰਨ ਲਈ ਤੁਹਾਡਾ ਧੰਨਵਾਦ।*

# ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਸ਼ਿਕਾਇਤ ਫਾਰਮ

ਕੈਲੇਫੋਰਨੀਆਂ ਦੀਆਂ ਅਦਾਲਤਾਂ ਵਿਚ ਬੋਲੀ ਤੱਕ ਪਹੁੰਚ ਦੀਆਂ ਸੇਵਾਵਾਂ (ਲੈਂਗੁਏਜ ਐਕਸੈੱਸ ਸਰਵਿਸਿਜ਼) ਬਾਰੇ ਸ਼ਿਕਾਇਤ ਕਰਨ ਲਈ ਇਹ ਫਾਰਮ ਭਰੋ। ਜਿੰਨਾ ਵੀ ਹੋ ਸਕੇ ਵੱਧ ਤੋਂ ਵੱਧ ਵੇਰਵਾ ਦਿਉ। ਤੁਹਾਨੂੰ ਆਪਣਾ ਨਾਂ ਜਾਂ ਸੰਪਰਕ ਕਰਨ ਬਾਰੇ ਜਾਣਕਾਰੀ ਦੇਣ *ਦੀ ਲੋੜ* ਨਹੀਂ ਹੈ ਜੇ ਤੁਸੀਂ ਇਹ ਨਾ ਕਰਨਾ ਚਾਹੁੰਦੇ ਹੋਵੋ, ਪਰ ਇਹ ਤੁਹਾਡੀ ਸ਼ਿਕਾਇਤ ਦੀ ਪੜਤਾਲ ਕਰਨ ਵਿਚ ਸਾਡੀ ਮਦਦ ਕਰੇਗਾ।

ਤੁਹਾਡੀ ਸ਼ਿਕਾਇਤ ਤੁਹਾਡੇ ਕੇਸ ਦੀ ਫਾਇਲ ਦਾ ਹਿੱਸਾ ਨਹੀਂ ਬਣੇਗੀ। ਜੇ ਤੁਹਾਡੀ ਸ਼ਿਕਾਇਤ ਆਪਣੇ ਕੇਸ ਦੇ ਨਤੀਜੇ ਬਾਰੇ ਹੈ ਤਾਂ ਇਸ ਫਾਰਮ ਦੀ ਵਰਤੋਂ ਨਾ ਕਰੋ।

ਜੇ ਤੁਸੀਂ ਹੋਰ ਵਿਚਾਰ ਅਤੇ ਸੁਝਾਅ ਦੇਣਾ ਚਾਹੁੰਦੇ ਹੋਵੋ (ਸ਼ਿਕਾਇਤ ਨਹੀਂ) ਤਾਂ "ਸਾਨੂੰ ਆਪਣੇ ਵਿਚਾਰ ਦਿਉ" ਹੇਠ ਇਸ ਫਾਰਮ ਦਾ ਹਿੱਸਾ 2 ਭਰੋ।

### ਸ਼ਿਕਾਇਤ ਵਾਲੇ ਵਿਅਕਤੀ ਬਾਰੇ ਜਾਣਕਾਰੀ:

ਅੱਜ ਦੀ ਤਾਰੀਕ: ______________________

ਨਾਂ: ______________________

ਟੈਲੀਫੋਨ: ______________________

ਐਡਰੈਸ: ______________________

______________________

ਈ-ਮੇਲ: ______________________

ਤੁਸੀਂ ਕਿਹੜੀ ਮੁਢਲੀ ਜ਼ਬਾਨ ਬੋਲਦੇ ਹੋ: ______________________

ਤੁਸੀਂ ਕਿਹੜੀ ਮੁਢਲੀ ਜ਼ਬਾਨ ਵਿਚ ਲਿਖਦੇ ਹੋ: ______________________

ਸੰਪਰਕ ਕਰਨ ਦਾ ਸਭ ਤੋਂ ਵਧੀਆ ਤਰੀਕਾ:

☐ ਡਾਕ ☐ ਈ-ਮੇਲ ☐ ਫੋਨ

### ਜੇ ਤੁਸੀਂ ਇਹ ਫਾਰਮ ਕਿਸੇ ਹੋਰ ਵਿਅਕਤੀ ਲਈ ਭਰ ਰਹੇ ਹੋ ਤਾਂ ਕਿਰਪਾ ਕਰਕੇ ਹੇਠਾਂ ਆਪਣੇ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਦਿਉ:

ਅੱਜ ਦੀ ਤਾਰੀਕ: ______________________

ਨਾਂ: ______________________

ਸੰਸਥਾ: ______________________

ਟੈਲੀਫੋਨ: ______________________

ਐਡਰੈਸ: ______________________

______________________

ਈ-ਮੇਲ: ______________________

ਤੁਸੀਂ ਕਿਹੜੀ ਮੁਢਲੀ ਜ਼ਬਾਨ ਬੋਲਦੇ ਹੋ: ______________________

ਤੁਸੀਂ ਕਿਹੜੀ ਮੁਢਲੀ ਜ਼ਬਾਨ ਵਿਚ ਲਿਖਦੇ ਹੋ: ______________________

ਸੰਪਰਕ ਕਰਨ ਦਾ ਸਭ ਤੋਂ ਵਧੀਆ ਤਰੀਕਾ:

☐ ਡਾਕ ☐ ਈ-ਮੇਲ ☐ ਫੋਨ

## ਹਿੱਸਾ 1. ਸ਼ਿਕਾਇਤ ਦੱਸੋ।

**ਜਿਹੜਾ ਵੀ ਲਾਗੂ ਹੁੰਦਾ ਹੈ ਉਸ 'ਤੇ ਨਿਸ਼ਾਨੀ ਲਾਉ ਅਤੇ ਉਸ ਨੂੰ ਭਰੋ।**

☐ ਮੈਂ **ਦੋਭਾਸ਼ੀਏ (ਇੰਟਰਪਰੇਟਰ)** ਦੀ ਮੰਗ ਕੀਤੀ ਪਰ ਮੈਨੂੰ ਮਿਲਿਆ ਨਹੀਂ।

ਸਾਨੂੰ ਦੱਸੋ ਕਿ ਇਹ ਕਦੋਂ (ਤਾਰੀਕ) ਅਤੇ ਕਿੱਥੇ (ਸਥਾਨ) ਹੋਇਆ: ______________________

______________________

______________________

ਕੇਸ ਨੰਬਰ (ਜੇ ਕੋਈ ਹੈ): ______________________

☐ ਮੈਂ **ਦੋਭਾਸ਼ੀਏ** ਦੀਆਂ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹਾਂ।

ਦੋਭਾਸ਼ੀਏ ਦਾ ਨਾਂ: ______________________

ਦੋਭਾਸ਼ੀਏ ਦਾ ਬੈਜ ਨੰਬਰ: ______________________ ਦੋਭਾਸ਼ੀਏ ਦੀ ਸਰਵਿਸ ਦੀ ਤਾਰੀਕ: ______________________

ਸਥਾਨ: ______________________ ਕੇਸ ਨੰਬਰ (ਜੇ ਕੋਈ ਹੈ): ______________________

ਦੋਭਾਸ਼ੀਏ ਦੀਆਂ ਸੇਵਾਵਾਂ ਤੋਂ ਤੁਸੀਂ ਸੰਤੁਸ਼ਟ ਕਿਉਂ ਨਹੀਂ ਹੋਏ ਸੀ? ______________________

______________________

☐ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਨਾਲ ਸੰਬੰਧਿਤ **ਅਦਾਲਤ ਦੇ ਸਟਾਫ** ਨਾਲ ਹੋਰ ਸਮੱਸਿਆ।

ਘਟਨਾ ਦੀ ਤਾਰੀਕ: ______________________________

ਸਟਾਫ ਦੇ ਵਿਅਕਤੀ ਦਾ ਨਾਂ: ______________________________

ਡਿਪਾਰਟਮੈਂਟ: ______________________________

ਘਟਨਾ ਦਾ ਵੇਰਵਾ ਦਿਉ: ______________________________

______________________________

______________________________

☐ ਜਿਸ **ਫਾਰਮ** ਦੀ ਮੈਨੂੰ ਲੋੜ ਹੈ ਉਹ ਮੇਰੀ ਜ਼ਬਾਨ ਵਿਚ ਨਹੀਂ ਹੈ।

ਫਾਰਮ ਨੰਬਰ, ਨਾਂ ਜਾਂ ਵੇਰਵਾ ਦਿਉ: ______________________________

______________________________

☐ ਜਿਸ **ਜਾਣਕਾਰੀ** ਦੀ ਮੈਨੂੰ ਲੋੜ ਹੈ ਉਹ ਮੇਰੀ ਜ਼ਬਾਨ ਵਿਚ ਨਹੀਂ ਹੈ।

ਦੱਸੋ ਕਿ ਤੁਹਾਨੂੰ ਕਿਹੜੀ ਜਾਣਕਾਰੀ ਦੇ ਅਨੁਵਾਦ ਦੀ ਲੋੜ ਹੈ: ______________________________

______________________________

☐ ਜਿਸ ਫਾਰਮ ਜਾਂ ਜਾਣਕਾਰੀ ਦਾ ਅਨੁਵਾਦ ਮੈਨੂੰ ਮਿਲਿਆ ਹੈ ਉਸ ਵਿਚ **ਗਲਤੀਆਂ** ਹਨ।

ਡਾਕੂਮੈਂਟ ਜਾਂ ਜਾਣਕਾਰੀ ਦਾ ਵੇਰਵਾ ਦਿਉ: ______________________________

ਗਲਤੀਆਂ ਦੱਸੋ: ______________________________

☐ ਜ਼ਬਾਨ ਤੱਕ ਪਹੁੰਚ ਨਾਲ ਸੰਬੰਧਿਤ ਹੋਰ ਸ਼ਿਕਾਇਤ।

______________________________

ਕੀ ਤੁਸੀਂ ਇਸ ਸਮੱਸਿਆ ਬਾਰੇ ਕਿਸੇ ਹੋਰ ਏਜੰਸੀ ਨੂੰ ਸ਼ਿਕਾਇਤ ਕੀਤੀ ਹੈ? ☐ ਹਾਂ ☐ ਨਹੀਂ

ਜੇ *ਹਾਂ* ਤਾਂ ਏਜੰਸੀ ਦਾ ਨਾਂ ਦੱਸੋ: ______________________________

______________________________

ਕੋਈ ਹੋਰ ਜਾਣਕਾਰੀ ਵੀ ਦਿਉ ਜਿਹੜੀ ਤੁਹਾਡੀ ਸ਼ਿਕਾਇਤ ’ਤੇ ਵਿਚਾਰ ਕਰਨ ਵਿਚ ਸਾਡੀ ਮਦਦ ਕਰ ਸਕਦੀ ਹੋਵੇ: ______________________________

______________________________

______________________________

______________________________

## ਹਿੱਸਾ 2. ਸਾਨੂੰ ਆਪਣੇ ਵਿਚਾਰ ਦਿਉ

☐ ਹੋਰ ਵਿਚਾਰ ਜਾਂ ਸੁਝਾਅ: ______________________________________________

______________________________________________

______________________________________________

______________________________________________

______________________________________________

______________________________________________

ਧੰਨਵਾਦ। ਇਸ ਫਾਰਮ ਦੇ ਮਿਲਣ ਤੋਂ ਬਾਅਦ ਅਸੀਂ **60 ਦਿਨਾਂ** ਦੇ ਵਿਚ ਵਿਚ ਤੁਹਾਡੇ ਨਾਲ ਸੰਪਰਕ ਕਰਾਂਗੇ।

ਤੁਸੀਂ ਫਾਰਮ ਭਰ ਕੇ ਆਪਣੇ ਸਥਾਨਕ ਕੋਰਟਹਾਊਸ ਵਿਚ ਆਪ ਦੇ ਸਕਦੇ ਹੋ, ਡਾਕ ਰਾਹੀਂ ਭੇਜ ਸਕਦੇ ਹੋ ਜਾਂ ਹੇਠਾਂ ਦਿੱਤੇ ਐਡਰੈਸਾਂ 'ਤੇ ਈ-ਮੇਲ ਕਰ ਸਕਦੇ ਹੋ।

Superior Court of California, County of [insert your county here]
[local physical address]

[insert local url]

[insert local phone number]

[insert local email]

**Note: The following language could be provided by the court to the individual submitting the complaint via e-mail or as an automatic online response if submitting it online.**

## ਤੁਹਾਡੀ ਸ਼ਿਕਾਇਤ ਜਾਂ ਵਿਚਾਰ ਦਰਜ ਹੋ ਗਏ ਹਨ।

ਤੁਹਾਡੀ ਸ਼ਿਕਾਇਤ ਜਾਂ ਵਿਚਾਰ ਮਿਲਣ ਤੋਂ ਬਾਅਦ ਅਸੀਂ **60 ਦਿਨਾਂ** ਦੇ ਵਿਚ ਵਿਚ ਤੁਹਾਡੇ ਨਾਲ ਸੰਪਰਕ ਕਰਾਂਗੇ।

ਸਾਨੂੰ ਤੁਹਾਡੇ ਵਲੋਂ ਦਿੱਤੀ ਗਈ ਸੰਪਰਕ ਕਰਨ ਬਾਰੇ ਜਾਣਕਾਰੀ ਦੀ ਵਰਤੋਂ ਕਰਕੇ ਤੁਹਾਡੇ ਨਾਲ ਸੰਪਰਕ ਕਰਨ ਦੀ ਲੋੜ ਹੋ ਸਕਦੀ ਹੈ।

ਜੇ ਤੁਹਾਡੀ ਸ਼ਿਕਾਇਤ, ਵਿਚਾਰ ਜਾਂ ਸੁਝਾਅ ਕਿਸੇ ਅਜਿਹੇ ਮਾਮਲੇ ਬਾਰੇ ਹੋਣ ਜਿਹੜਾ ਜ਼ਬਾਨ ਤੱਕ ਪਹੁੰਚ ਦੀਆਂ ਸੇਵਾਵਾਂ ਨਾਲ ਸੰਬੰਧਿਤ ਨਹੀਂ ਹੈ ਤਾਂ ਅਸੀਂ ਇਹ ਢੁਕਵੀਂ ਅਦਾਲਤ, ਏਜੰਸੀ ਜਾਂ ਡਿਪਾਰਟਮੈਂਟ ਨੂੰ ਭੇਜਾਂਗੇ।